2

# ਅਨੋਖਾ ਫ਼ੈਸਲਾ

**ਪਾਠ ਦਾ ਉਦੇਸ਼**— ਬੱਚੇ ਲਈ ਮਾਂ ਦੇ ਦਿਲ ਵਿਚਲੇ ਅਸਲੀ ਪਿਆਰ ਨੂੰ ਦਰਸਾਉਣਾ।

ਰਾਜੇ ਦਾ ਦਰਬਾਰ ਲੱਗਿਆ ਹੋਇਆ ਸੀ। ਲੋਕ ਆਪਣੀ **ਫਰਿਆਦ** ਲੈ ਕੇ ਆ ਰਹੇ ਸਨ। ਰਾਜਾ ਬਹੁਤ ਸੋਚ ਸਮਝ ਕੇ **ਫ਼ੈਸਲਾ** ਕਰਦਾ ਸੀ, ਜੋ ਦੋਵਾਂ **ਧਿਰਾਂ** ਨੂੰ **ਮਨਜ਼ੂਰ** ਹੁੰਦਾ ਸੀ। ਦਰਬਾਰ ਵਿੱਚ ਹਾਜ਼ਰ ਲੋਕ ਰਾਜੇ ਦੀ ਜੈ-ਜੈ ਕਾਰ ਕਰ ਰਹੇ ਸਨ।



ਫਿਰ ਦਰਬਾਰੀਆਂ ਨੇ ਦੋ ਅਜਿਹੀਆਂ ਔਰਤਾਂ ਨੂੰ ਰਾਜੇ ਦੇ ਸਾਹਮਣੇ ਪੇਸ਼ ਕੀਤਾ ਜੋ ਇਕ ਬੱਚੇ ਨੂੰ ਜਿਸ ਦੀ ਉਮਰ ਕੁਝ ਮਹੀਨਿਆਂ ਦੀ ਸੀ, ਉਸ ਨੂੰ ਆਪਣਾ ਕਹਿ ਰਹੀਆਂ ਸਨ। ਦੋਵੇਂ ਔਰਤਾਂ ਰੋ-ਰੋ ਕੇ ਫਰਿਆਦ ਕਰ ਰਹੀਆਂ ਸਨ। ਇਕ ਕਹਿ ਰਹੀ ਸੀ ਕਿ "ਪੁੱਤਰ ਮੇਰਾ ਹੈ।" ਤੇ ਦੂਜੀ ਚੀਕ-ਚੀਕ ਕੇ ਆਖ ਰਹੀ ਸੀ ਕਿ "ਇਸ ਬੱਚੇ ਨੂੰ ਮੈਂ ਜਨਮ ਦਿੱਤਾ ਹੈ।" ਦਰਬਾਰ ਵਿੱਚ ਹਾਜ਼ਰ ਸਾਰੇ ਲੋਕ ਹੈਰਾਨ ਸਨ ਅਤੇ ਸੋਚ ਰਹੇ ਸਨ ਕਿ ਵੇਖਦੇ ਹਾਂ ਕਿ ਰਾਜਾ ਹੁਣ ਕਿਸ ਨਾਲ **ਨਿਆਂ** ਕਰੇਗਾ।

ਥੋੜ੍ਹੀ ਦੇਰ ਲਈ ਰਾਜੇ ਨੇ ਚੁੱਪੀ ਧਾਰਨ ਕਰ ਲਈ ਤੇ ਫਿਰ ਅਚਾਨਕ ਅਹਿਲਕਾਰਾਂ ਨੂੰ **ਹੁਕ** ਸੁਣਾਇਆ "ਇਸ ਬੱਚੇ ਦੇ ਦੋ ਟੋਟੇ ਕਰ ਦੇਵੋ ਤੇ ਇਕ-ਇਕ ਟੋਟਾ ਦੋਵਾਂ ਔਰਤਾਂ ਨੂੰ ਦੇ ਦਿੱਤਾ ਜਾ

ਦੋਵਾਂ ਔਰਤਾਂ ਵਿੱਚੋਂ ਇਕ ਚੁੱਪ ਸੀ ਤੇ ਦੂਜੀ ਔਰਤ ਨੇ **ਹਾਲ ਦੁਹਾਈ** ਦਿੱਤੀ ਤੇ ਕਿਹਾ, "ਹੇ ਰਾਜਨ ! ਮੈਂ ਝੂਠ ਬੋਲਿਆ ਹੈ। ਮੈਨੂੰ ਕੋਈ ਵੀ ਸਜ਼ਾ ਦੇ ਦੇਵੋ, ਪਰ ਇਸ ਬੱਚੇ ਦੇ **ਟੋਟੇ** ਨਾ ਕਰੋ। ਇਹ ਬੱਚਾ ਇਸ ਨੂੰ ਦੇ ਦੇਵੋ। ਇਹ ਹੀ ਇਸ ਦੀ ਮਾਂ ਹੈ" ਉਹ ਤਰਲਾ ਲੈ ਰਹੀ ਸੀ।



ਫਿਰ ਰਾਜੇ ਨੇ ਆਖਰੀ ਤੇ **ਅਨੋਖਾ** ਫ਼ੈਸਲਾ ਕੀਤਾ ਤੇ ਕਿਹਾ ਕਿ "ਇਹ ਬੱਚਾ ਇਸ ਔਰਤ ਦਾ ਹੈ, ਜੋ ਇਸ ਤੋਂ **ਵਿਛੜ** ਤਾਂ ਸਕਦੀ ਹੈ, ਪਰ ਆਪਣੀਆਂ ਅੱਖਾਂ ਸਾਹਮਣੇ ਇਸ ਨੂੰ ਮਰਦੇ ਨਹੀਂ ਵੇਖ ਸਕਦੀ।" ਦੂਜੀ ਔਰਤ ਨੇ ਆਪਣਾ **ਗੁਨਾਹ** ਮੰਨ ਲਿਆ ਤੇ ਦਰਬਾਰ ਵਿੱਚ ਫਿਰ ਰਾਜੇ ਦੀ ਜੈ-ਜੈ ਕਾਰ ਗੂੰਜਣ ਲੱਗੀ।

### ਯਾਦ ਰੱਖਣ ਯੋਗ ਗੱਲਾਂ :

- ਮਾਂ ਰੱਬ ਦਾ ਦੂਜਾ ਰੂਪ ਹੈ।
- ਰੱਬ ਹਰ ਜਗ੍ਹਾ ਨਹੀਂ ਪਹੁੰਚ ਸਕਦਾ ਸੀ ਇਸ ਲਈ ਉਸ ਨੇ ਮਾਂ ਬਣਾਈ।
- ਬੱਚੇ ਦਾ ਵਿਛੋੜਾ ਮਾਂ ਲਈ ਅਸਹਿਣਯੋਗ ਹੁੰਦਾ ਹੈ।

### ਔਖੇ ਸ਼ਬਦਾਂ ਦੇ ਅਰਥ

**ਫਰਿਆਦ** – ਪੁਕਾਰ (appeal); **ਫ਼ੈਸਲਾ** – ਨਿਰਣਾ (decision); **ਧਿਰਾਂ** – ਧੜ (sides); **ਮਨਜ਼ੂਰ** – ਸਵੀਕਾਰ (accept); **ਨਿਆਂ** – ਇਨਸਾਫ (justice); **ਹੁਕਮ** – ਆਗਿਆ (Order) **ਹਾਲ ਦੁਹਾਈ** – ਰੌਲਾ, ਚੀਕ-ਚਿਹਾੜਾ (hue and cry); **ਟੋਟੇ** – ਟੁਕੜੇ (pieces); **ਅਨੋਖਾ** – ਅਜੀਬ (strange); **ਵਿਛੜ** – ਅਲੱਗ, ਜੁਦਾ (seperate); **ਗੁਨਾਹ** – ਦੋਸ਼ (fault)